# ਬਜ਼ੁਰਗਾਂ ਨਾਲ ਬੁਰੇ ਵਰਤਾਉ ਦਾ ਜਵਾਬ ਦੇਣਾ

## ਵਸੀਲੇ

## ਕਿਸ ਨੂੰ, ਕਦੋਂ ਅਤੇ ਕਿਉਂ ਫੋਨ ਕਰਨਾ ਹੈ

### ਜੇ ਮੈਨੂੰ ਲੱਗੇ ਕਿ ਮੇਰੇ ਨਾਲ ਬੁਰਾ ਵਰਤਾਉ ਹੋ ਰਿਹਾ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

*ਜੇ ਤੁਸੀਂ ਫੌਰੀ ਖਤਰੇ ਵਿਚ ਹੋਵੋ ਤਾਂ 9-1-1 ਨੂੰ ਫੋਨ ਕਰੋ।* ਹਾਲਤ ਨੂੰ ਉਵੇਂ ਹੀ ਰਹਿਣ ਦੇਣਾ ਹੋ ਸਕਦਾ ਸੁਰੱਖਿਅਤ ਨਾ ਹੋਵੇ; ਆਪਣੇ ਭਰੋਸੇ ਵਾਲੇ ਕਿਸੇ ਵਿਅਕਤੀ ਤੋਂ ਮਦਦ ਲਵੋ ਅਤੇ ਸੇਫਟੀ ਜਾਂ ਐਮਰਜੰਸੀ ਪਲੈਨ ਤਿਆਰ ਕਰੋ।

**ਆਪਣੇ ਭਰੋਸੇ ਵਾਲੇ ਕਿਸੇ ਵਿਅਕਤੀ ਨੂੰ ਇਸ ਚੀਜ਼ ਬਾਰੇ ਦੱਸੋ ਕਿ ਤੁਹਾਡੀ ਜ਼ਿੰਦਗੀ ਵਿਚ ਤੁਹਾਡੇ ਨਾਲ ਕੀ ਹੋ ਰਿਹਾ ਹੈ।** ਕਿਸੇ ਦੋਸਤ, ਪਰਿਵਾਰ ਦੇ ਮੈਂਬਰ, ਸੋਸ਼ਲ ਵਰਕਰ, ਵਿਕਟਿਮ ਸਰਵਿਸ ਵਰਕਰ, ਹੋਮ ਕੇਅਰ ਵਰਕਰ, ਨਰਸ, ਡਾਕਟਰ, ਵਕੀਲ ਜਾਂ ਆਪਣੇ ਧਾਰਮਿਕ ਸਥਾਨ 'ਤੇ ਕਿਸੇ ਨੂੰ ਦੱਸੋ।

**ਆਪਣੇ ਭਰੋਸੇ ਵਾਲੇ ਕਿਸੇ ਵਿਅਕਤੀ ਦੀ ਮਦਦ ਨਾਲ ਰਿਕਾਰਡ ਨੂੰ ਕਿਸੇ ਗੁਪਤ ਥਾਂ 'ਤੇ ਰੱਖੋ।** ਇਹ ਲਿਖੋ ਕਿ ਤੁਹਾਡੇ ਨਾਲ ਕੀ ਹੋ ਰਿਹਾ ਹੈ। ਇਸ ਨਾਲ ਬੁਰੇ ਵਰਤਾਉ ਦਾ ਰਿਕਾਰਡ ਰੱਖਣ ਵਿਚ ਅਤੇ ਹੋਰਨਾਂ ਨੂੰ ਤੁਹਾਡੀ ਸਹਾਇਤਾ ਕਰਨ ਵਿਚ ਮਦਦ ਹੋਵੇਗੀ ਜੇ ਤੁਹਾਨੂੰ ਇਸ ਦੀ ਲੋੜ ਹੋਵੇ।

**ਕਾਨੂੰਨੀ ਕਾਰਵਾਈ ਕਰਨ ਬਾਰੇ ਵਿਚਾਰ ਕਰੋ।** ਹਰ ਕਿਸਮ ਦਾ ਬੁਰਾ ਵਰਤਾਉ ਗਲਤ ਹੈ। ਕੁਝ ਕਿਸਮਾਂ ਤਾਂ ਗੈਰਕਾਨੂੰਨੀ ਹਨ। ਤੁਸੀਂ ਕਿਸੇ ਵਕੀਲ ਨਾਲ ਗੱਲ ਕਰਨ ਬਾਰੇ ਸੋਚ ਸਕਦੇ ਹੋ ਜਾਂ ਇਸ ਬਰੋਸ਼ਰ ਵਿਚ ਦਿੱਤੇ ਗਏ ਵਸੀਲਿਆਂ ਵਿੱਚੋਂ ਕਿਸੇ ਨੂੰ ਫੋਨ ਕਰ ਸਕਦੇ ਹੋ।

**ਆਪਣੇ ਆਪ ਦਾ ਕਸੂਰ ਨਾ ਕੱਢੋ।** *ਇਹ ਜਾਣੋ ਕਿ ਇਹ ਤੁਹਾਡਾ ਕਸੂਰ ਨਹੀਂ ਹੈ ਅਤੇ ਮਦਦ ਮੌਜੂਦ ਹੈ।* ਮਦਦ ਮੰਗੋ। ਤੁਸੀਂ ਬੁਰੇ ਵਰਤਾਉ ਦੇ ਹੱਕਦਾਰ ਨਹੀਂ ਹੋ। ਤੁਹਾਡੀ ਕਮਿਊਨਟੀ ਵਿਚਲੇ ਕਈ ਗਰੁੱਪ, ਤੁਹਾਡੇ ਹੱਕਾਂ, ਸੇਫਟੀ ਅਤੇ ਮਾਣ ਦੀ ਰੱਖਿਆ ਕਰਨ ਵਿਚ ਤੁਹਾਡੀ ਮਦਦ ਕਰਨਾ ਚਾਹੁੰਦੇ ਹਨ।

## ਬਜ਼ੁਰਗਾਂ ਨਾਲ ਬੁਰੇ ਵਰਤਾਉ ਦੀ ਰਿਪੋਰਟ ਕਰਨਾ

ਬੁਰਾ ਵਰਤਾਉ ਇਕ ਜੁਰਮ ਹੋ ਸਕਦਾ ਹੈ ਅਤੇ ਕ੍ਰਿਮੀਨਲ ਕੋਡ ਥੱਲੇ ਆ ਸਕਦਾ ਹੈ। ਜਾਣਕਾਰੀ ਲਈ ਜਾਂ ਬੁਰੇ ਵਰਤਾਉ ਦੀ ਰਿਪੋਰਟ ਕਰਨ ਲਈ ਆਪਣੇ ਲੋਕਲ ਪੁਲੀਸ ਸਟੇਸ਼ਨ ਨੂੰ ਫੋਨ ਕਰੋ। *ਜੇ ਹਾਲਤ ਐਮਰਜੰਸੀ ਵਾਲੀ ਹੈ ਜਾਂ ਜੇ ਕਿਸੇ ਵਿਅਕਤੀ ਨੂੰ ਫੌਰੀ ਖਤਰਾ ਹੈ ਤਾਂ 9-1-1 ਨੂੰ ਫੋਨ ਕਰੋ।*

### ਕਿਸੇ ਬਜ਼ੁਰਗ ਨਾਲ ਬੁਰੇ ਵਰਤਾਉ, ਅਣਗਿਹਲੀ ਜਾਂ ਸਵੈ-ਅਣਗਹਿਲੀ ਦੀ ਰਿਪੋਰਟ ਕਰਨ ਲਈ ਜੋ ਆਪਣੇ ਆਪ ਮਦਦ ਅਤੇ ਸਹਾਇਤਾ ਨਹੀਂ ਲੈ ਸਕਦਾ, ਸੰਪਰਕ ਕਰੋ:

**ਨੌਰਦਰਨ ਹੈਲਥ**
ਪ੍ਰਿੰਸ ਜੌਰਜ ਅਡੱਲਟ ਪ੍ਰੋਟੈਕਸ਼ਨ ਲਾਈਨ
250 565-7414

**ਇਨਟੀਰੀਅਰ ਹੈਲਥ**
ਕਮਿਊਨਟੀ ਦੇ ਸਿੱਧੇ ਨੰਬਰਾਂ ਲਈ ਵੈੱਬਸਾਈਟ ਤੇ ਜਾਉ:
www.interiorhealth.ca/reportabuse

**ਵੈਨਕੂਵਰ ਕੋਸਟਲ ਹੈਲਥ ਰੀਐਕਟ ਅਡੱਲਟ ਪ੍ਰੋਟੈਕਸ਼ਨ ਪ੍ਰੋਗਰਾਮ**
1 877 REACT- 99 (1 877 732-2899)
www.vchreact.ca/index.htm

**ਵੈਨਕੂਵਰ ਆਈਲੈਂਡ ਹੈਲਥ ਅਥਾਰਟੀ**
ਸਾਊਥ ਆਈਲੈਂਡ 1 888 533 - 2273
ਸੈਂਟਰਲ ਆਈਲੈਂਡ 1 877 734- 4101
ਨੌਰਥ ਆਈਲੈਂਡ 1 866 928 - 4988
www.viha.ca/

**ਫਰੇਜ਼ਰ ਹੈਲਥ**
1 877 REACT- 08 (1 877-732-2808)
www.fraserhealth.ca/your_care/
adult_abuse_and_neglect/

**ਪ੍ਰੌਵੀਡੈਂਸ ਹੈਲਥ ਕੇਅਰ ਸੁਸਾਇਟੀ**
1 877 REACT-99 (1 877-732-2899)

**ਕਮਿਊਨਟੀ ਲਿਵਿੰਗ ਬੀ ਸੀ** (ਵਿਕਾਸ ਨਾਲ ਸੰਬੰਧਿਤ ਅਪਾਹਜਤਾਵਾਂ ਵਾਲੇ ਲੋਕਾਂ ਲਈ)
1 877 660-2522

**ਕਿਸੇ ਕਮਜ਼ੋਰ ਬਾਲਗ ਨਾਲ ਮਾਇਕ ਬੁਰੇ ਵਰਤਾਉ ਦੀ ਰਿਪੋਰਟ ਕਰਨ ਲਈ ਜਾਂ ਬਦਲਵੇਂ ਤੌਰ ’ਤੇ ਫੈਸਲਾ ਕਰਨ ਵਾਲੇ ਵਲੋਂ ਬੁਰੇ ਵਰਤਾਉ ਦੀ ਰਿਪੋਰਟ ਕਰਨ ਲਈ ਪਬਲਿਕ ਗਾਰਡੀਅਨ ਐਂਡ ਟਰੱਸਟੀ ਔਫ ਬ੍ਰਿਟਿਸ਼ ਕੋਲੰਬੀਆ** (ਪੀ ਜੀ ਟੀ) ਨਾਲ 604 660 - 4444 ’ਤੇ **ਸੰਪਰਕ** ਕਰੋ। www.trustee.bc.ca

## ਸ਼ਿਕਾਇਤ ਕਰਨਾ

**ਕਮਿਊਨਟੀ ਕੇਅਰ ਲਾਇਸੰਸਿੰਗ ਔਫੀਸਿਜ਼** ਕਿਸੇ ਲਾਇਸੰਸਸ਼ੁਦਾ ਕਮਿਊਨਟੀ ਕੇਅਰ ਸਥਾਨ ਵਿਚਲੇ ਕਿਸੇ ਵਿਅਕਤੀ ਦੀ ਸਿਹਤ, ਸੇਫਟੀ ਜਾਂ ਭਲਾਈ ਬਾਰੇ ਸ਼ਿਕਾਇਤਾਂ ਦੀ ਪੜਤਾਲ ਕਰਦਾ ਹੈ। ਇਨਕੁਆਰੀ ਬੀ ਸੀ ਨੂੰ 1 800 663-7867 ’ਤੇ ਫੋਨ ਕਰੋ ਅਤੇ ਆਪਣੀ ਹੈਲਥ ਅਥਾਰਟੀ ਦੇ ਕਮਿਊਨਟੀ ਕੇਅਰ ਲਾਇਸੰਸਿੰਗ ਔਫਸ ਨਾਲ ਗੱਲ ਕਰਨ ਲਈ ਕਹੋ।
www.health.gov.bc.ca/ccf/complaints.html

**ਅਸਿਸਟਿਡ ਲਿਵਿੰਗ ਰਜਿਸਟਰਾਰ**, ਅਸਿਸਟਿਡ ਲਿਵਿੰਗ ਦੇ ਵਸਨੀਕਾਂ ਦੀ ਸਿਹਤ ਅਤੇ ਸੇਫਟੀ ਦੀ ਰੱਖਿਆ ਕਰਦਾ ਹੈ।
250 952-1369 ’ਤੇ ਜਾਂ 1 866 714-3378 ’ਤੇ ਫੋਨ ਕਰੋ (ਮੁਫਤ)। www.health.gov.bc.ca/ assisted/complaints.html

## ਮਦਦ, ਜਾਣਕਾਰੀ ਅਤੇ ਰੈਫਰਲ ਦੀਆਂ ਸੇਵਾਵਾਂ

**ਬੀ ਸੀ ਐਸੋਸੀਏਸ਼ਨ ਔਫ ਕਮਿਊਨਟੀ ਰਿਸਪੌਂਸ ਨੈੱਟਵਰਕਸ** ਕਮਿਊਨਟੀ ਰਿਸਪੌਂਸ ਨੈੱਟਵਰਕਸ (ਸੀ ਆਰ ਐੱਨਜ਼) ਦੇ ਵਿਕਾਸ ਰਾਹੀਂ ਸੁਰੱਖਿਅਤ ਕਮਿਊਨਟੀਆਂ ਨੂੰ ਉਤਸ਼ਾਹ ਦਿੰਦਾ ਹੈ, ਜਿੱਥੇ ਵਿਅਕਤੀ, ਕਾਰੋਬਾਰ, ਅਤੇ ਪ੍ਰਾਈਵੇਟ ਅਤੇ ਪਬਲਿਕ ਸੈਕਟਰ ਦੀਆਂ ਸੰਸਥਾਵਾਂ ਕਮਿਊਨਟੀ ਨੂੰ ਇਹ ਦੱਸਣ ਲਈ ਰਲ ਕੇ ਕੰਮ ਕਰਦੇ ਹਨ ਕਿ ਮਦਦ ਕਿਵੇਂ ਲੈਣੀ ਹੈ, ਅਤੇ ਬਾਲਗਾਂ ਨਾਲ ਬੁਰੇ ਵਰਤਾਉ ਅਤੇ ਉਨ੍ਹਾਂ ਪ੍ਰਤੀ ਅਣਗਿਹਲੀ ਤੋਂ ਰੋਕਥਾਮ ਕਿਵੇਂ ਕਰਨੀ ਹੈ। ਤੁਸੀਂ www.bccrns.ca 'ਤੇ ਜਾਣਕਾਰੀ ਲੈ ਸਕਦੇ ਹੋ।

ਬਜ਼ੁਰਗਾਂ ਨਾਲ ਬੁਰੇ ਵਰਤਾਉ ਬਾਰੇ ਜਾਣਕਾਰੀ ਦੇਣ ਵਾਲੀ ਅਤੇ ਰੋਕਥਾਮ ਬਾਰੇ ਦੱਸਣ ਵਾਲੀ ਵੀਡੀਓ ਅਤੇ ਹੋਰ ਸਾਮੱਗਰੀ ਦੇਖਣ ਲਈ **ਬੀ ਸੀ ਐਸੋਸੀਏਸ਼ਨ ਔਫ ਅਬਰਿਜਨਲ ਫਰਿੰਡਸ਼ਿਪ ਸੈਂਟਰਜ਼** ਦੇ ਵੈੱਬਸਾਈਟ 'ਤੇ ਜਾਉ: www.bcaafc.com/programs/eldersprograms

ਘਰੇਲੂ ਹਿੰਸਾ ਬਾਰੇ ਜਾਣਕਾਰੀ , ਮਦਦ ਕਿੱਥੋਂ ਲੈਣੀ ਹੈ, ਅਤੇ ਸੁਰੱਖਿਅਤ ਰਹਿਣ ਬਾਰੇ ਜਾਣਕਾਰੀ ਲੈਣ ਲਈ www.domesticviolencebc.ca 'ਤੇ ਜਾਉ ਜਾਂ **ਪ੍ਰੌਵਿੰਸ਼ੀਅਲ ਆਫਿਸ ਔਫ ਡੋਮੈਸਟਿਕ ਵਾਇਲੈਂਸ** ਵੈੱਬਸਾਈਟ 'ਤੇ ਜਾਉ: www.mcf.gov.bc.ca/podv/index.htm

ਜਿਹੜੇ ਬਜ਼ੁਰਗ ਆਪਣੇ ਲਈ ਮਿਲੀ ਸਿਹਤ ਸੰਭਾਲ ਦੇ ਸੰਬੰਧ ਵਿਚ ਕਿਸੇ ਸੰਭਵ ਬੁਰੇ ਵਰਤਾਉ ਜਾਂ ਅਣਗਹਿਲੀ ਬਾਰੇ ਫਿਕਰਮੰਦ ਹਨ, ਉਨ੍ਹਾਂ ਨੂੰ ਜਾਣਕਾਰੀ ਅਤੇ ਰੈਫਰਲ ਲੈਣ ਲਈ **ਸੀਨੀਅਰਜ਼ ਹੈਲਥ ਕੇਅਰ ਸੁਪੋਰਟ ਲਾਈਨ** ਨੂੰ ਫੋਨ ਕਰਨਾ ਚਾਹੀਦਾ ਹੈ। ਮੁਫਤ ਫੋਨ ਕਰੋ: 1 877 952-3181। ਵਿਕਟੋਰੀਆ ਵਿਚ ਫੋਨ ਕਰੋ: 250 952-3181।
ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰ ਦੇ 8 ਵਜੇ ਤੋਂ ਬਾਅਦ ਦੁਪਹਿਰ 4:30 ਵਜੇ ਤੱਕ ਉਪਲਬਧ (ਛੁੱਟੀਆਂ ਤੋਂ ਬਗੈਰ)।

**ਬੀ ਸੀ ਸੈਂਟਰ ਫਾਰ ਐਲਡਰ ਐਡਵੋਕੇਸੀ ਐਂਡ ਸੁਪੋਰਟ – ਸੀਨੀਅਰਜ਼ ਅਬਿਊਜ਼ ਐਂਡ ਇਨਫਰਮੇਸ਼ਨ ਲਾਈਨ (ਸੇਲ): 604 437-1940 . 1 866 437-1940 (ਮੁਫਤ)**
ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰ ਦੇ 9 ਵਜੇ ਤੋਂ ਦੁਪਹਿਰ ਦੇ 1 ਵਜੇ ਤੱਕ ਮੌਜੂਦ ਹੈ। ਜੁਲਾਈ 2013 ਤੋਂ ਰੋਜ਼ਾਨਾ ਸਵੇਰ ਦੇ 8 ਵਜੇ ਤੋਂ ਸ਼ਾਮ ਦੇ 8 ਵਜੇ ਤੱਕ ਮੌਜੂਦ ਹੋਵੇਗੀ (ਛੁੱਟੀਆਂ ਵਾਲੇ ਦਿਨਾਂ ਤੋਂ ਬਗੈਰ)। ਸੇਲ ਬਜ਼ੁਰਗਾਂ ਅਤੇ ਉਨ੍ਹਾਂ ਦਾ ਖਿਆਲ ਰੱਖਣ ਵਾਲੇ ਲੋਕਾਂ ਲਈ ਉਨ੍ਹਾਂ ਹਾਲਤਾਂ ਬਾਰੇ ਗੱਲ ਕਰਨ ਲਈ ਇਕ ਸੁਰੱਖਿਅਤ ਥਾਂ ਹੈ ਜਿਨ੍ਹਾਂ ਹਾਲਤਾਂ ਵਿਚ ਉਹ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨਾਲ ਬੁਰਾ ਵਰਤਾਉ ਜਾਂ ਬਦਸਲੂਕੀ ਹੋ ਰਹੀ ਹੈ, ਜਾਂ ਬਜ਼ੁਰਗਾਂ ਨਾਲ ਬੁਰੇ ਵਰਤਾਉ ਤੋਂ ਰੋਕਥਾਮ ਬਾਰੇ ਜਾਣਕਾਰੀ ਲੈਣ ਲਈ: www.bcceas.ca

**ਵਿਕਟਿਮਲਿੰਕ ਬੀ ਸੀ** ਇਕ ਮੁਫਤ, ਗੁਪਤ ਅਤੇ ਬਹੁਭਾਸ਼ਾਈ ਟੈਲੀਫੋਨ ਸਰਵਿਸ ਹੈ ਜੋ ਕਿ ਬੀ ਸੀ ਅਤੇ ਯੂਕੋਨ ਵਿਚ ਦਿਨ ਦੇ 24 ਘੰਟੇ, ਹਫਤੇ ਦੇ ਸੱਤੇ ਦਿਨ ਫੋਨ ਨੰਬਰ 1-800-563-0808 'ਤੇ ਉਪਲਬਧ ਹੈ। ਇਹ ਜੁਰਮਾਂ ਦੇ ਸ਼ਿਕਾਰ ਸਾਰੇ ਲੋਕਾਂ ਲਈ ਜਾਣਕਾਰੀ ਅਤੇ ਰੈਫਰਲ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਪਰਿਵਾਰਕ ਅਤੇ ਕਾਮੁਕ ਹਿੰਸਾ ਤੋਂ ਪੀੜਿਤਾਂ ਲਈ ਸੰਕਟ ਵਿਚ ਫੌਰੀ ਸਹਾਇਤਾ ਦਿੰਦੀ ਹੈ। ਵਿਕਟਿਮਲਿੰਕ ਬੀ ਸੀ ਟੀ ਟੀ ਵਾਈ 'ਤੇ ਵੀ ਮਿਲਦੀ ਹੈ। ਟੀ ਟੀ ਵਾਈ ਨੂੰ 604 875 - 0885 'ਤੇ ਫੋਨ ਕਰੋ।

ਮਨਿਸਟਰੀ ਔਫ ਹੈਲਥ ਦਾ **ਸੀਨੀਅਰਜ਼ ਬੀ ਸੀ** ਵੈੱਬਸਾਈਟ ਵੱਖ ਵੱਖ ਮਾਮਲਿਆਂ ਲਈ ਜਾਣਕਾਰੀ ਅਤੇ ਵਸੀਲੇ ਪ੍ਰਦਾਨ ਕਰਦਾ ਹੈ ਜਿਵੇਂ ਕਿ ਬਜ਼ੁਰਗਾਂ ਨਾਲ ਬੁਰੇ ਵਰਤਾਉ ਤੋਂ ਰੋਕਥਾਮ, ਖਪਤਕਾਰਾਂ ਦੀ ਹਿਫਾਜ਼ਤ ਅਤੇ ਸੰਭਾਲ ਦੀ ਅਗਾਊਂ ਪਲੈਨਿੰਗ: www.SeniorsBC.ca

ਬ੍ਰਿਟਿਸ਼ ਕੋਲੰਬੀਆ ਸਰਕਾਰ, ਐਲਬਰਟਾ ਐਲਡਰ ਅਬਿਊਜ਼ ਅਵੇਅਰਨੈੱਸ ਨੈੱਟਵਰਕ ਦੀ ਧੰਨਵਾਦੀ ਹੈ ਜਿਸ ਨੇ ਇਸ ਸਾਮੱਗਰੀ ਨੂੰ ਅਪਨਾਉਣ ਦੀ ਆਗਿਆ ਦਿੱਤੀ।